ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 25 ਅਕਤੂਬਰ, 1998

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਸਮਾਜਿਕ ਨਿਆਂ ਦੀ ਲੜਾਈ ਲਈ ਰਾਜਸੀ ਚੇਤਨਾ

ਦੇਸ਼ ਵਿਚ ਜੋ ਗਰੀਬ-ਦੁਸ਼ਮਣ ਵਰਤਾਰਾ ਚੱਲ ਰਿਹਾ ਹੈ, ਉਹਨੂੰ ਬਦਲਣਾ ਅਤੇ ਸਮਾਜਿਕ ਨਿਆਂ ਵਾਲਾ ਵਰਤਾਰਾ ਹੋਂਦ ਵਿਚ ਲਿਆਉਣਾ ਇੱਕ ਵੱਡੀ ਲੋੜ ਹੈ। ਸਮਾਜਿਕ ਨਿਆਂ ਦੀ ਲੜਾਈ ਕਿਸ ਨੁੱਕਤੇ ਤੇ ਕੇਂਦਰਿਤ ਕਰਨੀ ਹੈ, ਇਹ ਸਵਾਲ ਵੀ ਹੈ ਤੇ ਸਾਡੇ ਲਈ ਚੁਣੌਤੀ ਵੀ ਹੈ। ਸਾਡੇ ਤੋਂ ਮਤਲਬ ਸਾਫ਼ ਹੈ ਕਿ ਇਸ ਵਿਚ ਕਮਿਊਨਿਸਟ ਵਿਚਾਰਧਾਰਾ ਵਾਲੇ ਅਤੇ ਹੋਰ ਸੰਵੇਦਨਸ਼ੀਲ ਲੋਕ ਸ਼ਾਮਲ ਹਨ। ਦੇਸ਼, ਕੌਮ ਅਤੇ ਸੰਵਿਧਾਨ ਦੀਆਂ ਫੋਕੀਆਂ ਫੋਕੀਆਂ ਅਤੇ ਧਰਮਾਂ ਦੇ ਨਾਂ ਤੇ ਸੌੜੀ ਸਿਆਸਤ ਚਲਾਉਣ ਵਾਲੇ ਸ਼ਾਮਲ ਨਹੀਂ। ਦੇਸ਼ ਦੇ ਕਰੋੜਾਂ ਲੋਕ ਉਹ ਹਨ, ਜੋ ਇਸ ਜ਼ਾਲਿਮ ਗਰੀਬ-ਦੁਸ਼ਮਣ ਸਮਾਜਿਕ ਵਰਤਾਰੇ ਦਾ ਸ਼ਿਕਾਰ ਹਨ। ਉਹਨਾਂ ਵਿਚ ਬਹੁਤ ਥੋੜੇ ਸੰਗਠਿਤ ਹਨ। ਬਾਕੀ ਗੈਰ-ਸੰਗਠਿਤ ਲੋਕਾਈ ਹੈ, ਜੋ ਬੁਰੀ ਤਰ੍ਹਾਂ ਪਿਸ ਰਹੀ ਹੈ, ਮਾਰ ਖਾ ਰਹੀ ਹੈ। ਇਹ ਗੈਰ-ਸੰਗਠਿਤ ਲੋਕਾਈ ਹੀ ਹੈ ਜੋ ਬਾਬਿਆਂ ਦੇ ਰੂਹਾਨੀ ਸਤਿਸੰਗਾਂ ਤੇ ਵਹੀਰਾਂ ਪਾ ਕੇ ਜਾਂਦੀ ਹੈ ਕਿਉਂਕਿ ਉਹ ਇਸ ਗੱਲ ਤੋਂ ਚੇਤੰਨ ਹੀ ਨਹੀਂ ਕਿ ਇਹ ਵਰਤਾਰਾ ਜਿਹੜਾ ਚੱਲ ਰਿਹਾ ਹੈ ਇਹਦੇ ਬੁਨਿਆਦੀ ਕਾਰਨ ਕੀ ਹਨ ? ਹਰ ਮੌਕੇ ਇਸ ਰਾਜਸੀ ਚੇਤਨਾ ਦੀ ਗੱਲ ਕਰਨੀ ਜ਼ਰੂਰੀ ਹੈ।

ਬੜੇ ਚਿਰਾਂ ਤੋਂ ਇਹ ਗੱਲ ਮਹਿਸੂਸ ਕੀਤੀ ਜਾ ਰਹੀ ਸੀ ਕਿ ਮਿਹਨਤਕਸ਼ ਲੋਕਾਂ ਦਾ ਜੋ ਚੇਤਨ ਵਰਗ ਹੈ ਅਤੇ ਜੋ ਜਮਾਤੀ ਜਥੇਬੰਦੀਆਂ ਵਿਚ ਸੰਗਠਿਤ ਹੈ, ਉਹ ਗੈਰ-ਸੰਗਠਿਤ ਗਰੀਬ ਵਰਗ ਦੀ ਲੜਾਈ ਨੂੰ ਆਪਣੀ ਲੜਾਈ ਜਾਂ ਪ੍ਰੋਗਰਾਮ ਦਾ ਹਿੱਸਾ ਬਣਾਏ। ਇਹ ਤਸੱਲੀ ਵਾਲੀ ਗੱਲ ਹੈ ਕਿ 21 ਅਕਤੂਬਰ ਮੋਗਾ ਵਿਖੇ ਜੋ ਸ਼ਹੀਦ ਸਾਥੀ ਨਛੱਤਰ ਧਾਲੀਵਾਲ ਦੀ ਦਸਵੀਂ ਬਰਸੀ ਤੇ ਸ਼ਰਧਾਂਜਲੀ ਸਮਾਗਮ ਹੋਇਆ, ਉਹ ਇਸ ਮੁੱਦੇ ਨੂੰ ਸੰਬੋਧਿਤ ਹੋਇਆ। ਸਾਥੀ ਨਛੱਤਰ ਧਾਲੀਵਾਲ ਜਿਥੇ ਰੋਡਵੇਜ਼ ਕਾਮਿਆਂ ਦੇ ਮਹਿਬੂਬ ਆਗੂ ਸਨ, ਉਥੇ ਉਹਨਾਂ ਦੀ ਬੱਧਨੀਕਲਾਂ ਤੇ ਹੋਰ ਆਸ-ਪਾਸ ਦੇ ਇਲਾਕੇ ਵਿਚ ਪਹਿਚਾਣ ਇਕ ਕਮਿਊਨਿਸਟ ਦੇ ਤੌਰ 'ਤੇ ਸੀ। ਧਾਰਮਕ ਅਤਿਵਾਦ ਦੇ ਵਿਰੁੱਧ ਉਹਨਾਂ ਨੇ ਪੂਰੀ ਸ਼ਿੱਦਤ ਨਾਲ ਸਿਧਾਂਤਕ ਪੈਂਤੜੇ ਤੋਂ ਸੰਘਰਸ਼ ਕੀਤਾ ਅਤੇ ਇਹੀ ਸੰਘਰਸ਼ ਉਹਨਾਂ ਦੀ ਸ਼ਹਾਦਤ ਦਾ ਜ਼ਿੰਮੇਵਾਰ ਬਣਿਆ। ਉਹਨਾਂ ਦੀ ਦਸਵੀਂ ਬਰਸੀ ਤੇ ਹਰ ਸਾਲ ਵਾਂਗ ਵੱਡੀ ਗਿਣਤੀ ਵਿਚ ਜੁੜੇ ਰੋਡਵੇਜ਼ ਦੇ ਵਰਕਰਾਂ ਅਤੇ ਇਲਾਕੇ ਤੋਂ ਆਏ ਲੋਕਾਂ ਨੇ ਜਿਥੇ ਉਹਨਾਂ ਨੂੰ ਯਾਦ ਕੀਤਾ, ਉਥੇ ਮੁੱਖ ਬੁਲਾਰਿਆਂ ਨੇ ਕੁਝ ਬੁਨਿਆਦੀ ਸਿਆਸਤੀ ਨੁਕਤਿਆਂ ਵੱਲ ਲੋਕਾਂ ਦਾ ਧਿਆਨ ਦਵਾਇਆ।

ਬੀਬੀ ਅਮਰਜੀਤ ਕੌਰ ਜੋ ਮਜ਼ਦੂਰਾਂ ਦੀ ਜਥੇਬੰਦੀ ਏਟਕ ਦੀ ਕੌਮੀ ਸਕੱਤਰ ਹੈ, ਉਹਨੇ ਆਪਣੀ ਡੇਢ ਘੰਟੇ ਦੀ ਪ੍ਰਭਾਵਸ਼ਾਲੀ ਤਕਰੀਰ ਵਿਚ ਜਥੇਬੰਦ ਮਜ਼ਦੂਰ ਜਮਾਤ ਦੀਆਂ ਦੇਸ਼ ਅਤੇ ਕੌਮ ਵੱਲ ਜ਼ਿੰਮੇਵਾਰੀਆਂ ਦੀ ਗੱਲ ਬੜੇ ਵਿਸਥਾਰ ਨਾਲ ਕੀਤੀ। ਇਸ ਸੰਗਠਿਤ ਵਰਗ ਨੇ ਪੂਰੀ ਸ਼ਿੱਦਤ ਨਾਲ ਇਹ ਸਮਾਜ ਬਦਲਣ ਵਿਚ ਆਪਣੀ ਭੂਮਿਕਾ ਨਿਭਾਉਣੀ ਹੈ, ਇਹ ਉਹਨਾਂ ਦੀ ਪੱਕੀ ਧਾਰਨਾ ਸੀ। ਉਹਨਾਂ ਨੇ ਅੰਕੜਿਆਂ ਨਾਲ ਇਹ ਗੱਲ ਸਾਹਮਣੇ ਲਿਆਂਦੀ ਕਿ ਦੇਸ਼ ਵਿਚ ਲੱਖਾਂ ਹੀ ਬਾਲ ਕਾਮੇ ਹਨ ਜੋ ਐਸੇ ਉਦਯੋਗਾਂ ਵਿਚ ਕੰਮ ਕਰ ਰਹੇ ਹਨ, ਜਿਥੇ ਉਹਨਾਂ ਕੋਲੋਂ 12-16 ਘੰਟੇ ਕੰਮ ਲਿਆ ਜਾਂਦਾ ਹੈ। ਉਹਨਾਂ ਦਾ ਕੋਈ ਸੰਗਠਨ ਨਹੀਂ। ਕੌਣ ਉਹਨਾਂ ਲਈ ਲੜਾਈ ਲੜੇਗਾ ? ਕੌਮੀ ਆਰਥਕ ਨੀਤੀਆਂ ਨੇ ਦੇਸ਼ ਨੂੰ ਬਦੇਸ਼ੀਆਂ ਅੱਗੇ ਗਹਿਣੇ ਪਾ ਦਿੱਤਾ ਹੈ। ਛਾਂਟੀ ਹੋਵੇਗੀ ਕਿਉਂਕਿ ਕਈ ਪ੍ਰਾਈਵੇਟ ਅਦਾਰੇ ਬੰਦ ਹੋ ਜਾਣਗੇ। ਉਥੋਂ ਦੇ ਕਾਮੇ ਸੰਗਠਿਤ ਨਹੀਂ, ਕੌਣ ਇਹ ਲੜਾਈ ਲੜੇਗਾ ? ਇਹ ਭਾਵੇਂ ਸਭ ਸਿਆਸਤ ਹੈ, ਪਰ ਇਸ ਸਿਆਸਤ ਨੂੰ ਸੰਬੋਧਨ ਹੋਣਾ ਸੰਗਠਿਤ ਮਜ਼ਦੂਰ ਜਮਾਤ ਦਾ ਫਰਜ਼ ਹੈ। ਲੋਕਾਂ ਦੀ ਗਰੀਬੀ ਅਤੇ ਦੁੱਖ ਵਧ ਰਿਹਾ ਹੈ ਪਰ ਧਾਰਮਕ ਅਸਥਾਨਾਂ ਦੀ ਉਸਾਰੀ ਪਿਛਲੇ 50 ਸਾਲਾਂ ਵਿਚ 14 ਗੁਣਾ ਹੋ ਗਈ ਹੈ। ਬਹੁਤ ਕੁਝ ਦੇਸ਼ ਵਿਚ ਜੋ ਗ਼ਲਤ ਹੋ ਰਿਹਾ ਹੈ, ਉਹਨੂੰ ਬਦਲਣਾ ਸੰਗਠਿਤ ਮਜ਼ਦੂਰ ਜਮਾਤ ਦਾ ਫ਼ਰਜ਼ ਹੈ। ਇਹ ਸਭ ਗੱਲਾਂ ਬੀਬੀ ਅਮਰਜੀਤ ਕੌਰ ਨੇ ਕੀਤੀਆਂ। ਲੋਕਾਂ ਨੇ ਪੂਰੇ ਧਿਆਨ ਨਾਲ ਸੁਣੀਆਂ ਭਾਵੇਂ ਉਹ ਹਿੰਦੀ ਵਿਚ ਹੀ ਬੋਲੇ। ਨੌਜਵਾਨਾਂ ਦੀਆਂ ਗੱਲਾਂ ਵੀ ਹੋਈਆਂ। ਸਾਥੀ ਜਗਰੂਪ ਅਤੇ ਪ੍ਰਿਥੀਪਾਲ ਮਾੜੀਮੇਘਾ ਨੇ ਆਉਣ ਵਾਲੇ ਸਮੇਂ ਨੌਜਵਾਨਾਂ ਦੇ ਸੰਘਰਸ਼ ਦੀਆਂ ਗੱਲਾਂ ਕੀਤੀਆਂ। ਇਸੇ ਤਰ੍ਹਾਂ ਸਾਥੀ ਨਿਰਮਲ ਸਿੰਘ ਧਾਲੀਵਾਲ ਰੋਡਵੇਜ਼ ਆਗੂ ਨੇ ਰੋਡਵੇਜ਼ ਮੁਲਾਜ਼ਮਾਂ ਦੀ ਗੱਲ ਵਿਸਥਾਰ ਨਾਲ ਕੀਤੀ। ਇਸ ਤਰ੍ਹਾਂ ਇਹ ਸਮਾਗਮ ਰਾਜਸੀ ਚੇਤਨਾ ਵਾਲਾ ਸਮਾਗਮ ਹੋ ਨਿਬੜਿਆ। ਇਹੋ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਆਰਥਕਵਾਦ ਇਕ ਪਹਿਲੂ ਹੈ ਪਰ ਅਸਲ ਲੋੜ ਰਾਜਸੀ ਚੇਤਨਾ ਦੀ ਹੈ।

ਇਹ ਗੱਲ ਹਰ ਵਰਗ ਦੀਆਂ ਰੈਲੀਆਂ ਉੱਤੇ ਲਾਗੂ ਹੁੰਦੀ ਹੈ। ਉਹ ਭਾਵੇਂ ਰੋਡਵੇਜ਼ ਦੀਆਂ ਹੋਣ ਜਾਂ ਕਿਸਾਨਾਂ, ਮਜ਼ਦੂਰਾਂ,ਅਧਿਆਪਕਾਂ, ਬੈਂਕ ਮੁਲਾਜ਼ਮਾਂ ਆਦਿ ਦੀਆਂ ਹੋਣ। ਇਹ ਸਮਾਜਿਕ ਨਿਆਂ ਵਾਲਾ ਵਰਤਾਰਾ ਹਰ ਵਰਗ ਦੇ ਬੱਚਿਆਂ ਦੇ ਭਵਿੱਖ ਦੀ ਵੀ ਗਰੰਟੀ ਕਰਦਾ ਹੈ। ਰਾਜਸੀ ਚੇਤਨਾ ਦੀ ਗੱਲ ਹਰ ਥਾਂ ਬਹੁਤ ਜ਼ਰੂਰੀ ਹੈ।

ਇਹ ਸ਼ਰਧਾਂਜਲੀ ਸਮਾਗਮ ਅੱਗੋਂ ਹੋਣ ਵਾਲੇ ਸਮਾਗਮਾਂ ਲਈ ਇਕ ਮਾਡਲ ਪ੍ਰਦਾਨ